بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّیْ عَلٰی رَسُوْلِهِ الْكَرِيْمِ وَعَلٰی عَبْدِهِ الْمَسِيْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 26.01.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰੱਬ ਦੀ ਬਹੁਤ ਵੱਡੀ ਮਿਹਰ ਹੈ ਅਸੀਂ ਅਹਮਦੀਆਂ ਉਪੱਰ ਕਿ ਸਾਡੇ ਅਧਿਕਤਰ ਛੋਟੇ ਵੱਡੇ ਇਸ ਗੱਲ ਨੂੰ ਸਮਝਦੇ ਹਨ ਕਿ ਜੇਕਰ ਬੇਚੈਨ ਹੋਕੇ ਗਿੜਗਿੜਾਕੇ ਆਜਜ਼ੀ ਨਾਲ ਰੱਬ ਦੀ ਹਜ਼ੂਰੀ ਝੁਕਿਆ ਜਾਵੇ ਅਤੇ ਉਸ ਤੋਂ ਦੁਆ ਮੰਗੀ ਜਾਵੇ ਤਾਂ ਰੱਬ ਦੁਆਵਾਂ ਨੂੰ ਸੁਣਦਾ ਹੈ ਅਤੇ ਕਈ ਵਾਰ ਦੁਆਵਾਂ ਦੀ ਪਰਵਾਨਗੀ ਦੀਆਂ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਜੋ ਦੂਜਿਆਂ ਨੂੰ ਹੈਰਾਨੀ ਵਿੱਚ ਪਾ ਦਿੰਦੀਆਂ ਹਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਜਨਵਰੀ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਮੌਕੇ ਦੁਆ ਦੀ ਫ਼ਲਾਸਫ਼ੀ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ : ਇਕ ਬਚੱਾ ਜੱਦ ਭੁੱਖ ਨਾਲ ਬੇਚੈਨ ਹੋਕੇ ਦੁੱਧ ਲਈ ਚੀਕਦਾ ਹੈ ਤਾਂ ਮਾਂ ਦੀਆਂ ਹਿਕਾਂ ਵਿੱਚ ਦੁੱਧ ਜੋਸ਼ ਮਾਰਕੇ ਆ ਜਾਂਦਾ ਹੈ । ਬਚੱਾ ਦੁਆ ਦਾ ਨਾਂ ਵੀ ਨਹੀਂ ਜਾਣਦਾ ਪਰ ਉਸ ਦੀਆਂ ਚੀਕਾਂ ਦੁੱਧ ਨੂੰ ਕਿਵੇਂ ਖਿੱਚ ਲਿਆਉਦੀਆਂ ਹਨ । ਫ਼ਰਮਾਇਆ ਕਿ ਕਈ ਵਾਰ ਦੇਖਿਆ ਗਿਆ ਹੈ ਕਿ ਮਾਵਾਂ ਦੁੱਧ ਨੂੰ ਅਨੁਭਵ ਵੀ ਨਹੀਂ ਕਰਦੀਆਂ ਪਰ ਬੱਚੇ ਦੀਆਂ ਚੀਕਾਂ ਦੁੱਧ ਨੂੰ ਖਿੱਚ ਲਿਆਉਂਦੀਆਂ ਹਨ । ਆਪ ਫ਼ਰਮਾਉਦੇ ਹਨ ਕਿ ਕੀ ਸਾਡੀਆਂ ਚੀਕਾਂ ਜੱਦ ਰੱਬ ਦੀ ਹਜ਼ੂਰੀ ਵਿੱਚ ਹੋਣਗੀਆਂ ਤਾਂ ਉਹ ਕੁਝ ਵੀ ਨਹੀਂ ਖਿਚੱਕੇ ਲਿਆ ਸਕਦੀਆਂ ? ਆਉਂਦਾ ਹੈ ਅਤੇ ਸਭ ਕੁਝ ਆਉਂਦਾ ਹੈ ਪਰ ਅਖੱਾਂ ਦੇ ਅੰਨ੍ਹੇ ਜੋ ਵਿਦਵਾਨ ਤੇ ਫ਼ਲਾਸਫ਼ਰ ਬਣੇ ਬੈਠੇ ਹਨ ਉਹ ਦੇਖ ਨਹੀਂ ਸਕਦੇ । ਆਪ ਨੇ ਫ਼ਰਮਾਇਆ ਕਿ ਬੱਚੇ ਨੂੰ ਜੋ ਮਾਂ ਨਾਲ ਸੰਬੰਧ ਹੈ ਉਸ ਸੰਬੰਧ ਨੂੰ ਮਨੁੱਖ ਨੂੰ ਆਪਣੀ ਸੋਚ ਵਿੱਚ ਰਖੱਕੇ ਜੇਕਰ ਦੁਆ ਦੀ ਫ਼ਲਾਸਫ਼ੀ ਉਪੱਰ ਗ਼ੌਰ ਕਰੇ ਤਾਂ ਬਹੁਤ ਆਸਾਨ ਤੇ ਸੌਖੀ ਮਾਲੂਮ ਹੁੰਦੀ ਹੈ ।

ਰੱਬ ਦੀ ਬਹੁਤ ਵੱਡੀ ਮਿਹਰ ਹੈ ਅਸੀਂ ਅਹਮਦੀਆਂ ਉਪੱਰ ਕਿ ਸਾਡੇ ਛੋਟੇ ਵੱਡੇ ਅਧਿਕਤਰ ਇਸ ਗੱਲ ਨੂੰ ਸਮਝਦੇ ਹਨ ਕਿ ਜੇਕਰ ਬੇਚੈਨ ਹੋਕੇ ਗਿੜਗਿੜਾਕੇ ਆਜਜ਼ੀ ਨਾਲ ਰੱਬ ਦੀ ਹਜ਼ੂਰੀ ਵਿੱਚ ਝੁਕਿਆ ਜਾਵੇ ਅਤੇ ਉਸ ਤੋਂ

ਦੁਆ ਮੰਗੀ ਜਾਵੇ ਤਾਂ ਰੱਬ ਸੁਣਦਾ ਹੈ ਅਤੇ ਕਈ ਵਾਰ ਦੁਆ ਦੀ ਪਰਵਾਨਗੀ ਦੀਆਂ ਅਜਿਹੀਆਂ ਘਟਨਾਵਾਂ ਹੁੰਦੀਆਂ ਹਨ ਕਿ ਦੂਜਿਆਂ ਨੂੰ ਹੈਰਾਨੀ ਵਿੱਚ ਪਾ ਦਿੰਦੀਆਂ ਹਨ । ਕਈ ਅਜਿਹੀਆਂ ਘਟਨਾਵਾਂ ਦੀਆਂ ਭਿੰਨ ਭਿੰਨ ਰਿਪੋਰਟਾਂ ਆਉਂਦੀਆਂ ਹਨ ਜਿੰਨ੍ਹਾ ਨੂੰ ਮੈਂ ਇਸ ਸਮੇਂ ਪੇਸ਼ ਕਰਾਂਗਾ ।

ਨਾਜ਼ਿਰ ਦਾਅਵਤ ਇਲਲੱਾਹ ਕਾਦੀਆਂ ਲਿਖੱਦੇ ਹਨ ਕਿ ਹੁਸ਼ਿਆਰਪੁਰ ਜ਼ਿਲੇ ਦੇ ਅਮੀਰ ਸਾਹਬ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਉਹਨਾਂ ਦੇ ਪਿੰਡ ਖੇੜਾ ਅਛੱਰਵਾਲ ਵਿੱਚ ਵਰਖਾ ਨ ਹੋਣ ਕਰਕੇ ਪਿੰਡ ਵਾਲੇ ਬਹੁਤ ਪਰੇਸ਼ਾਨ ਸਨ, ਇੱਥੋਂ ਤੱਕ ਕਿ ਖੂਹ ਦਾ ਪਾਣੀ ਵੀ ਹੇਠਲੀ ਤਹਿ ਤੱਕ ਪਹੁੰਚ ਗਿਆ ਸੀ । ਇੱਥੋਂ ਦੀ ਹਿੰਦੂ ਬਹੁਗਿਣਤੀ ਨੇ ਉਧੱਰ ਦੇ ਮੁਅਲੱਮ ਨੂੰ ਦੁਆ ਕਰਨ ਲਈ ਕਿਹਾ । ਪੂਰਬੀ ਪੰਜਾਬ ਵਿੱਚ ਮੁਅਲੱਮ ਨੂੰ ਮੀਆਂ ਜੀ ਕਹਿੰਦੇ ਹਨ । ਉਹਨਾਂ ਨੂੰ ਵਿਸ਼ਵਾਸ ਸੀ ਕਿ ਅਹਮਦੀ ਮੁਅਲੱਮ ਨੂੰ ਦੁਆ ਲਈ ਆਖਣਗੇ ਤਾਂ ਅਵਸ਼ ਵਰਖਾ ਹੋਵੇਗੀ । ਸੋ, ਸਾਡੇ ਮੁਅਲਮ ਨੇ ਪਹਿਲਾਂ ਤਾਂ ਉਹਨਾਂ ਨੂੰ ਇਸਲਾਮੀ ਦੁਆ ਦੇ ਆਦਾਬ ਦੱਸੇ ਅਤੇ ਰੱਬ ਦੇ ਗੁਣ ਦੱਸੇ, ਫਿਰ ਦੁਆ ਕਰਾਈ । ਰੱਬ ਨੇ ਜਮਾਤ ਅਹਮਦੀਆ ਦੇ ਇਸ ਮੁਅਲੱਮ ਦੀ ਦੁਆ ਨੂੰ ਕੁਬਲ ਕੀਤਾ ਅਤੇ ਆਪਣੀ ਮਿਹਰ ਨਾਲ ਦੋ ਤਿੰਨ ਘੰਟੇ ਦੇ ਅੰਦਰ ਮੋਹਲੇਦਾਰ ਵਰਖਾ ਹੋਈ ਅਤੇ ਆਪਣੇ ਦੁਆਵਾਂ ਨੂੰ ਸੁਣਨ ਵਾਲਾ ਹੋਣ ਦਾ ਪ੍ਰਮਾਣ ਦਿਤੱਾ । ਇਸ ਘਟਨਾ ਦਾ ਰੱਬ ਦੀ ਮਿਹਰ ਨਾਲ ਪੂਰੇ ਪਿੰਡ ਵਿੱਚ ਬਹੁਤ ਚੰਗਾ ਪ੍ਰਭਾਵ ਪਿਆ ਅਤੇ ਪਿੰਡ ਵਾਲਿਆਂ ਨੇ ਬਰੱਬੀ ਕਿਹਾ ਕਿ ਅਹਦੀਆਂ ਦੀ ਦੁਆ ਕਰਕੇ ਵਰਖਾ ਹੋਈ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਈ ਥਾਂ ਵਰਖਾ ਦਾ ਹੋਣਾ ਰੱਬ ਦੀ ਪਖੱਤਾ ਤੇ ਦੁਆ ਦੀ ਪਰਵਾਨਗੀ ਦਾ ਨਿਸ਼ਾਨ ਬਣ ਜਾਂਦਾ ਹੈ ਤੇ ਕਈ ਥਾਂ ਵਰਖਾ ਦਾ ਰੁਕਣਾ ਦੁਆ ਦੀ ਪਰਵਾਨਗੀ ਦਾ ਨਿਸ਼ਾਨ ਬਣ ਜਾਂਦਾ ਹੈ । ਗ਼ੈਰ ਚਾਹੇ ਇਸਲਾਮ ਕੁਬੂਲ ਕਰਨ ਜਾਂ ਨ ਕਰਨ ਪਰ ਇਸ ਗੱਲ ਦਾ ਪੱਖ ਜ਼ਰੂਰ ਪੂਰਦੇ ਹਨ ਕਿ ਇਸਲਾਮ ਦਾ ਰੱਬ ਦੁਆਵਾਂ ਨੂੰ ਸੁਣਨ ਵਾਲਾ ਰੱਬ ਹੈ ।

ਗਿਨੀ ਬਸਾਓ ਦੇ ਮੁਅਲੱਮ ਅਬਦੁਲੱਾਹ ਸਾਹਬ ਕਹਿੰਦੇ ਹਨ ਕਿ ਅਸੀਂ ਇਕ ਪਿੰਡ ਸੀਨ ਚਾਂਗ ਕਾਂਗਸਾ ਵਿੱਚ ਪ੍ਰਚਾਰ ਲਈ ਗਏ ਅਤੇ ਓਥੇ ਲੋਕਾਂ ਨੂੰ ਇਕਤੱਰ ਕਰਕੇ ਜਮਾਤ ਅਹਮਦੀਆ ਦਾ ਸੰਦੇਸ਼ ਪਹੁੰਚਾਇਆ । ਅਜੇ ਜੱਦ ਕਿ ਉਹਨਾਂ ਨੂੰ ਪ੍ਰਚਾਰ ਕੀਤਾ ਜਾ ਰਿਹਾ ਸੀ ਉਸੇ ਸਮੇਂ ਦੌਰਾਨ ਤਿੱਖੀ ਵਰਖਾ ਸ਼ੁਰੂ ਹੋ ਗਈ ਅਤੇ ਵਰਖਾ ਦੇ ਰੌਲ੍ਹੇ ਕਰਕੇ ਇਹ ਕਹਿੰਦੇ ਹਨ ਕਿ ਮੇਰੀ ਅਵਾਜ਼ ਲੋਕਾਂ ਤੱਕ ਨਹੀਂ ਪਹੁੰਚ ਰਹੀ ਸੀ ਅਤੇ ਇਉਂ ਲਗੱਦਾ ਸੀ ਕਿ ਹੁਣੇ ਹੀ ਇਹ ਲੋਕ ਚਲੇ ਜਾਣਗੇ । ਕਹਿੰਦੇ ਹਨ ਕਿ ਉਸ ਸਮੇਂ ਮੈਂ ਦੁਆ ਕੀਤੀ ਕਿ ਹੇ ਅਲੱਾਹ ! ਇਹ ਵਰਖਾ ਵੀ ਤੇਰੀ ਹੈ ਅਤੇ ਜੋ ਸੰਦੇਸ਼ ਮੈਂ ਲੈਕੇ ਆਇਆ ਹਾਂ ਇਹ ਵੀ ਤੇਰਾ ਹੈ ਪਰ ਵਰਖਾ ਕਰਕੇ ਇਹ ਲੋਕ ਤੇਰਾ ਇਹ ਸੰਦੇਸ਼ ਸੁਣ ਨਹੀਂ ਰਹੇ ਅਤੇ ਉਠੱਣ ਵਾਲੇ ਹਨ । ਕਹਿੰਦੇ ਹਨ ਕਿ ਦੁਆ ਕਰਨ ਦੀ ਦੇਰ ਸੀ ਕਿ ਰੱਬ ਨੇ ਵਰਖਾ ਨੂੰ ਰੋਕ ਦਿਤੱਾ, ਕਹਿੰਦੇ ਹਨ ਕਿ ਓਥੇ ਮੌਜੂਦ ਲਗਭਗ ਇਕ ਸੌ ਪੰਜਾਹ ਲੋਕਾਂ ਨੂੰ ਪ੍ਰਚਾਰ ਕੀਤਾ ਗਿਆ ਅਤੇ ਰੱਬ ਦੀ ਮਿਹਰ ਨਾਲ ਪ੍ਰਚਾਰ ਦੇ ਬਾਦ ਸਾਰਿਆਂ ਲੋਕਾਂ ਨੇ ਬੈਅਤ ਕਰਨ ਦੀ ਤੌਫ਼ੀਕ ਪ੍ਰਾਪਤ ਕੀਤੀ ।

ਏਥੇ ਜਿੱਥੇ ਵਰਖਾ ਦੀ ਦੁਆ ਦੇ ਬਾਦ ਵਰਖਾ ਰੁਕਣ ਕਰਕੇ ਸਾਡੇ ਮੁਅਲੱਮ ਦੇ ਇਮਾਨ ਵਿੱਚ ਵਾਧਾ ਤੇ ਮਜ਼ਬੂਤੀ ਹੋਈ ਓਥੇ ਉਹਨਾਂ ਲੋਕਾਂ ਨੂੰ ਵੀ ਦੁਆਵਾਂ ਨੇ ਸੁਣਨ ਵਾਲੇ ਰੱਬ ਨੂੰ ਦਿਖਾਇਆ । ਲੋਕ ਕਹਿੰਦੇ ਰੱਬ ਕਿਵੇਂ ਨਜ਼ਰ ਆਉਂਦਾ ਹੈ, ਰੱਬ ਇਸੇ ਪ੍ਰਕਾਰ ਆਪਣੀਆਂ ਕੁਦਰਤਾਂ ਨੂੰ ਦਿਖਾਕੇ ਨਜ਼ਰ ਆਉਂਦਾ ਹੈ । ਉਹੋ ਲੋਕ ਜੋ ਵਰਖਾ

ਕਰਕੇ ਉੱਠਕੇ ਜਾਣ ਵਾਲੇ ਸਨ ਰੱਬ ਦੀ ਮਿਹਰ ਨੂੰ ਦੇਖਕੇ ਨੇ ਕੇਵਲ ਬੈਠੇ ਰਹੇ ਸਗੋਂ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਨੂੰ ਕੁਬੂਲ ਕੀਤਾ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹੁਣ ਰੁਤਾਂ ਤੋਂ ਹਟੱਕੇ ਦੁਆਵਾਂ ਦੀ ਪਰਵਾਨਗੀ ਦੀਆਂ ਕੁਝ ਹੋਣ ਗਲੱਾਂ ਹਨ, ਉਹ ਪੇਸ਼ ਕਰਦਾ ਹਾਂ । ਸਾਡਾ ਰੱਬ ਕੇਵਲ ਰੁਤੱਾਂ ਦਾ ਰੱਬ ਨਹੀਂ ਸਗੋਂ ਸਰਬ ਸ਼ਕਤੀਮਾਨ ਤੇ ਹਰ ਪ੍ਰਕਾਰ ਦੀਆਂ ਦੁਆਵਾਂ ਸੁਣਨ ਵਾਲਾ ਰੱਬ ਹੈ ਇਸ ਦੇ ਅਸੰਖ ਗੁਣ ਹਨ ਅਤੇ ਆਪਣੇ ਗੁਣਾ ਦੇ ਜਲਵੇ ਦਿਖਾਉਂਦਾ ਹੈ ।

ਬੈਨਿਨ ਤੋਂ ਜਮਾਤ ਦੇ ਮੁਅਲੱਮ ਮਤੀਨ ਸਾਹਬ ਕਹਿੰਦੇ ਹਨ ਕਿ ਕੁਝ ਦਿਨ ਹੋਏ ਇਕ ਨਵੇਂ ਅਹਮਦੀ ਮਿਤੱਰ ਆਏ ਕਿ ਮੁਰਬੀ ਸਾਹਬ ਸਾਡੇ ਘਰ ਆਉਣ, ਮੇਰੀ ਪਤਨੀ ਦੀ ਹਾਲਤ ਬਹੁਤ ਖ਼ਰਾਬ ਹੈ ਮੁਅਲੱਮ ਸਾਹਬ ਕਹਿੰਦੇ ਹਨ ਕਿ ਮੈਂ ਆਪਣੀ ਪਤਨੀ ਨੂੰ ਲੈਕੇ ਉਹਨਾਂ ਦੇ ਘਰ ਚਲਾ ਗਿਆ ਕਿਉਂਕਿ ਉਹਨਾਂ ਦੀ ਪਤਨੀ ਦਾ ਜਣੇਪੇ ਦਾ ਮਾਮਲਾ ਸੀ ਅਤੇ ਉਸ ਨੂੰ ਬਹੁਤ ਤੇਜ਼ ਬੁਖਾਰ ਸੀ ਅਤੇ ਤੇਜ਼ ਬੁਖਾਰ ਦੇ ਕਰਕੇ ਗਰਭ ਦੇ ਸਿਕੁੜ ਜਾਣ ਕਰਕੇ ਬੱਚੇ ਦੀ ਪੈਦਾਇਸ਼ ਨਹੀਂ ਹੋ ਰਹੀ ਸੀ । ਉਹ ਕਹਿਣ ਲੱਗੇ ਕਿ ਪਹਿਲਾਂ ਵੀ ਦੋ ਵਾਰੀ ਇਸੇ ਪ੍ਰਕਾਰ ਹੋ ਚੁਕਿਆ ਹੈ ਜਿਸ ਵਿੱਚ ਜਾਂ ਤਾਂ ਬਚੱਾ ਬੱਚ ਸਕਦਾ ਸੀ ਜਾਂ ਮਾਂ, ਇਸ ਲਈ ਦੋਹਾਂ ਵਾਰੀ ਉਹਨਾਂ ਨੇ ਮਾਂ ਨੂੰ ਬਚਾਉਣ ਦਾ ਜਤਨ ਕੀਤਾ ਅਤੇ ਸੰਤਾਨ ਦੀ ਕੁਰਬਾਨੀ ਦੇਣੀ ਪਈ ਅਤੇ ਹੁਣ ਤੀਜੀ ਵਾਰ ਅਜਿਹਾ ਹੋ ਰਿਹਾ ਹੈ । ਜਮਾਤ ਦੇ ਮੁਅਲੱਮ ਸਾਹਬ ਨੇ ਕਿਹਾ ਕਿ ਅਜਿਹੀ ਅਵਸਥਾ ਵਿੱਚ ਅਸੀਂ ਦਵਾ ਦੇ ਨਾਲ ਨਾਲ ਦੁਆ ਵੀ ਕਰਦੇ ਹਾਂ । ਸੋ, ਉਹ ਕਹਿੰਦੇ ਹਨ ਕਿ ਮੈਂ ਰੱਬ ਦੇ ਪਵਿੱਤਰ ਨਾਵਾਂ ਦਾ ਵਾਸਤਾ ਦੇਕੇ ਰਸੂਲੇ ਮਕਬੂਲ ਸਲਲੱਾਹੁ ਅਲੈਹਿ ਵਸਲੱਮ ਦਾ ਵਾਸਤਾ ਦੇਕੇ ਦੁਆ ਸ਼ੁਰੂ ਕੀਤੀ ਅਤੇ ਤਦੁਆ ਖ਼ਤਮ ਕਰਕੇ ਸੂਰਤ ਫ਼ਾਤਿਹਾ ਪੜ੍ਹਕੇ ਪਾਣੀ ਉਪੱਰ ਫ਼ੂਕਿਆ ਅਤੇ ਉਸ ਇਸਤਰੀ ਨੂੰ ਪਿਲਾਇਆ । ਕਹਿੰਦੇ ਹਨ ਕਿ ਇਸ ਪ੍ਰਕਾਰ ਮੈਂ ਦੋ ਤਿੰਨ ਵਾਰ ਕੀਤਾ ਅਤੇ ਪਾਣੀ ਫ਼ੂਕ ਕੇ ਇਸਤਰੀ ਨੂੰ ਪਿਆਉਣ ਲਈ ਭਿਜਵਾਇਆ, ਤੀਜੀ ਵਾਰ ਪਤੀ ਖ਼ੁਸੀਂ ਨਾਲ ਬਾਹਰ ਆਇਆ ਕਿ ਰੱਬ ਨੇ ਮੇਰੀ ਪਤਨੀ ਨੂੰ ਵੀ ਬਚਾ ਲਿਆ ਅਤੇ ਪੁਤੱਰ ਵੀ ਪ੍ਰਦਾਨ ਕੀਤਾ ਹੈ ਅਤੇ ਉਸ ਨਵੇਂ ਅਹਮਦੀ ਦਾ ਇਮਾਨ ਰੱਬ ਦੀ ਮਿਹਰ ਨਾਲ ਰੱਬ ਦੇ ਵੁਜੂਦ ਉਪੱਰ ਅਤੇ ਦੁਆ ਦੀ ਪਾਰਵਾਨਗੀ ਉਪੱਰ ਹੋਰ ਵੀ ਮਜ਼ਬੂਤ ਹੋਇਆ । ਉਸ ਸਮੇਂ ਤੋਂ ਇਹ ਆਪ ਵੀ ਬਕਾਇਦਗੀ ਤੇ ਧਿਆਨ ਨਾਲ, ਆਜਜ਼ੀ ਨਾਲ ਦੁਆਵਾਂ ਕਰਨ ਲੱਗ ਗਏ ਹਨ ।

ਫਿਰ ਕਰਨਾਟਕ ਇੰਡੀਆ ਤੋਂ ਓਥੋਂ ਦੇ ਅਮੀਰ ਜ਼ਿਲਾ ਲਿਖੱਦੇ ਹਨ ਕਿ ਓਥੋਂ ਦੀ ਇਕ ਜਮਾਤ ਦੇ ਸਦਰ ਜਮਾਤ ਨੂੰ ਬ੍ਰੇਨ ਟਿਯੂਮਰ ਹੋ ਅਿਗਾ ਅਤੇ ਹਸਪਤਲ ਵਿੱਚ ਦਾਖ਼ਲ ਹੋ ਗਏ । ਡਾਕਟਰਾਂ ਨੇ ਕਿਹਾ ਕਿ ਇਹਨਾਂ ਦਾ ਇਲਾਜ ਸੰਭਵ ਨਹੀਂ ਹੈ ਅਪ੍ਰਸ਼ਨ ਕਰਦੇ ਸਮੇਂ ਇਹਨਾਂ ਦੀ ਜਾਨ ਵੀ ਜਾ ਸਕਦੀ ਹੈ, ਉਹਨਾਂ ਨੇ ਝੱਟ ਏਥੇ ਦੁਆ ਲਈ ਵੀ ਮੈਂਨੂੰ ਲਿੱਖਿਆ ਅਤੇ ਮੇਰਾ ਉਤੱਰ ਵੀ ਉਹਨਾਂ ਨੂੰ ਗਿਆ ਕਿ ਰੱਬ ਸ਼ਿਫ਼ਾ ਪ੍ਰਦਾਨ ਕਰੇ । ਕਹਿੰਦੇ ਹਨ ਕਿ ਇਕ ਮਹੀਨਿ ਬਾਦ ਡਾਕਟਰਾਂ ਨੇ ਮੁੜ੍ਹ ਉਹਨਾਂ ਦਾ ਚੈਕਅਪ ਕੀਤਾ ਤਾਂ ਹੈਰਾਨ ਹੋ ਗਏ ਕਿ ਬ੍ਰੇਨ ਟਿਯੂਮਰ ਦਾ ਨਾਂ ਨਿਸ਼ਾਨ ਤੱਕ ਨਹੀਂ ਸੀ । ਇਹ ਕੇਵਲ ਤੇ ਕੇਵਲ ਰੱਬ ਦੀ ਮਿਹਰ ਸੀ ਅਤੇ ਦੁਆਵਾਂ ਦਾ ਹੀ ਸਿਟੱਾ ਹੈ ਕਿ ਹੁਸੈਨ ਸਾਹਬ ਪੂਰਨਤਾ ਸਵਸਥ ਹੋ ਗਏ ।

ਮੁਬਲੱਗ਼ ਇੰਚਾਰਜ ਸਾਹਬ ਗਿਨੀ ਕਨਾਕਰੀ ਲਿਖੱਦੇ ਹਨ ਕਿ ਇਕ ਨੇਕ ਨਵੇਂ ਅਹਮਦੀ ਨੌਜੁਆਨ ਸੁਲੈਮਾਨ ਸਾਹਬ ਨੇ ਆਪਣੀ ਇਛੱਾ ਦਾ ਪ੍ਰਗਟਾਵਾ ਕੀਤਾ ਕਿ ਉਹ ਵਕਫ਼ ਕਰਕੇ ਜਮਾਤ ਦੀ ਸੇਵਾ ਕਰਨਾ ਚਾਹੁੰਦੇ

ਹਨ । ਇਸ ਲਈ ਅਸੀਂ ਉਹਨਾਂ ਨੂੰ ਸੀਰਾਲੀਉਨ ਜਾਮਿਆ ਅਹਮਦੀਆ ਵਿੱਚ ਦਾਖ਼ਲ ਹੋਣ ਦੀ ਸਲਾਹ ਦਿੱਤੀ । ਉਹਨਾਂ ਨੇ ਖਿੜੇ ਮੱਥੇ ਪਰਵਾਨ ਕਰ ਲਈ, ਤਿਆਰੀ ਅਰੰਭ ਹੋ ਗਈ । ਕਹਿੰਦੇ ਹਨ ਜੱਦ ਅਸੀਂ ਉਹਨਾ ਦੇ ਮਾਤਾ ਪਿਤਾ ਜੋ ਅਜੇ ਅਹਮਦੀ ਨਹੀਂ ਹੋਏ ਸਨ, ਉਹਨਾਂ ਨੂੰ ਮਿਸ਼ਨ ਹਾਊਸ ਬੁਲਾਇਆ ਤਾਂ ਜੋ ਉਹਨਾਂ ਦੀ ਰਜ਼ਾਮੰਦੀ ਹਾਸਲ ਕੀਤੀ ਜਾ ਸਕੇ ਤਾਂ ਦੇਖਣ ਨੂੰ ਤਾਂ ਉਹ ਖ਼ੁਸ਼ ਹੋਏ ਅਤੇ ਸਾਰੀ ਜਾਣਕਾਰੀ ਹਾਸਲ ਕਰਕੇ ਦੋ ਦਿਨ ਬਾਦ ਆਉਣ ਦਾ ਕਹਿ ਕੇ ਗਏ । ਪਾਵਸ ਜਾਕੇ ਉਹਨਾਂ ਨੇ ਆਪਣੇ ਮੌਲਵੀ ਨਾਲ ਸਲਾਹ ਕੀਤੀ ਤਾਂ ਉਹਨਾਂ ਨੇ ਉਹਨਾਂ ਨੂੰ ਬਹਿਕਾ ਦਿਤੱਾ ਅਤੇ ਸਾਡੇ ਵਿਰੁਧ ਪੁਲਿਸ ਵਿੱਚ ਮੁਕਦੱਮਾ ਦਰਜ ਕਰਵਾ ਦਿਤੱਾ ਕਿ ਜਮਾਤ ਅਹਮਦੀਆ ਇਕ ਗ਼ੈਰ ਮੁਸਲਿਮ ਅਤੇ ਆਤੰਕੀ ਜਮਾਤ ਹੈ ਅਤੇ ਇਸ ਲੜਕੇ ਨੂੰ ਵੀ ਵਰਗਲਾ ਰਹੀ ਹੈ ਅਤੇ ਆਤੰਕੀ ਬਣਾ ਰਹੀ ਹੈ । ਕਹਿੰਦੇ ਹਨ ਇਸ'ਤੇ ਸਾਨੂੰ ਬਹੁਤ ਪ੍ਰੇਸ਼ਾਨੀ ਹੋਈ ਮੈਨੂੰ ਵੀ ਦੁਆ ਲਈ ਲਿੱਖਿਆ ਅਤੇ ਮੈਂ ਵੀ ਉਹਨਾਂ ਨੂੰ ਉਤੱਰ ਭਿਜਵਾ ਦਿਤੱਾ ਕਿ ਰੱਬ ਮਿਹਰ ਕਰੇਗਾ ਜਤਨ ਕਰਦੇ ਰਹਿਣ ਦੁਆ ਵੀ ਕਰਦੇ ਰਹਿਣ । ਸੋ, ਉਹ ਕਹਿੰਦੇ ਹਨ ਕਿ ਜੱਦ ਪੁਲਿਸ ਨੇ ਇਨਕੁਆਰੀ ਕੀਤੀ ਅਤੇ ਜਮਾਤ ਦਾ ਪਰੀਚੇ ਉਹਨਾਂ ਨੂੰ ਪੇਸ਼ ਕੀਤਾ ਗਿਆ ਅਤੇ ਲੀਫ਼ ਲੈਟਸ ਆਦਿ ਦਿੱਤੇ ਗਏ ਤਾਂ ਰੱਬ ਦੀ ਮਿਹਰ ਨਾਲ ਪੁਲਿਸ ਕਮਿਸ਼ਨਰ ਨੇ ਨ ਕੇਵਲ ਕੇਸ ਖ਼ਾਰਜ ਕੀਤਾ ਸਗੋਂ ਕਹਿਣ ਲਗੱਾ ਕਿ ਮੈਨੂੰ ਤਾਂ ਇਹਨਾ ਦਾ ਦੱਸਿਆ ਇਸਲਾਮ ਬਹੁਤਾ ਠੀਕ ਤੇ ਅਮਨ ਭਰਪੂਰ ਲਗੱਦਾ ਹੈ, ਪੁਲਿਸ ਕਮਿਸ਼ਨਰ ਨੇ ਕਿਹਾ ਕਿ ਮੈਨੂੰ ਹੋਰ ਵਧੇਰੇ ਜਾਣਕਾਰੀ ਉਪਲਭਧ ਕਰਨ ਮੈਂ ਵੀ ਇਸ ਜਮਾਤ ਵਿੱਚ ਸ਼ਾਮਲ ਹੋਣਾ ਚਾਹੁੰਦਾ ਹਾਂ ।

ਅਲੱਾਹ ਤਆਲਾ ਕਿਵੇਂ ਅਹਮਦੀਆਂ ਨੂੰ ਦੁਆ ਦੀ ਪਰਵਾਨਗੀ ਰਾਹੀਂ ਇਮਾਨ ਵਿੱਚ ਪੱਕਿਆਈ ਅਤੇ ਖ਼ਿਲਾਫ਼ਤ ਉਪੱਰ ਵਿਸ਼ਵਾਸ਼ ਕਾਇਮ ਕਰਦਾ ਹੈ ਇਸ ਬਾਰੇ ਆਪਣੀ ਇਕ ਘਟਨਾ ਲਿਖੱਦੇ ਹੋਏ ਮਾਲੀ ਦੇ ਇਦਰੀਸ ਤਰਾਵੜੇ ਸਾਹਬ ਲਿਖੱਦੇ ਹਨ ਕਿ 2008 ਈ. ਵਿੱਚ ਖ਼ਿਲਾਫ਼ਤ ਜੁਬਲੀ ਦੇ ਜਲਸੇ ਵਿੱਚ ਸ਼ਾਮਲ ਹੋਇਆ ਸੀ, ਉਸ ਸਮੇਂ ਮੈਂ ਮੁਰਗ਼ੀਆਂ ਦਾ ਵਪਾਰ ਕਰਦਾ ਸੀ ਅਤੇ ਮੈਂ ਮੁਰਗ਼ੀਆ ਛਡੱਕੇ ਘਾਨਾ ਚਲਾ ਗਿਆ ਪਿੱਛੇ ਮੇਰੀਆਂ ਸਾਰੀਆਂ ਮੁਰਗ਼ੀਆਂ ਮਰ ਗਈਆਂ । ਜਿਸ ਵਿਅਕਤੀ ਦੇ ਪੈਸਿਆਂ ਨਾਲ ਮੈਂ ਇਹ ਵਪਾਰ ਕਰਦਾ ਸੀ ਉਸ ਨੂੰ ਜੱਦ ਇਹ ਪਤਾ ਲਗੱਾ ਕਿ ਮੈਂ ਅਹਮਦੀ ਹਾਂ ਅਤੇ ਅਹਮਦੀਆ ਜਲਸੇ ਉਪੱਰ ਗਿਆ ਹਾਂ ਅਤੇ ਮੁਰਗ਼ੀਆਂ ਮਰ ਗਈਆਂ ਹਨ ਤਾਂ ਉਹ ਵਿਰੋਧਤਾ ਵਿੱਚ ਹੋਰ ਵੀ ਅੰਨ੍ਹਾ ਹੋ ਗਿਆ ਅਤੇ ਮੇਰੇ ਵਾਪਸ ਆਉਣ'ਤੇ ਮੈਨੂੰ ਸੰਦੇਸ਼ ਭੇਜਿਆ ਕਿ ਇਕ ਹਫਤੇ ਵਿੱਚ ਮੇਰੇ ਇਕ ਲੱਖ ਪੰਜਾਹ ਹਜ਼ਾਰ ਫ਼੍ਰਾਂਕ ਸੇਫ਼ਾ ਵਾਪਸ ਕਰੋ । ਕਹਿੰਦੇ ਹਨ ਮੈਂ ਬਹੁਤ ਪ੍ਰੇਸ਼ਾਨ ਹੋਇਆ । ਮੇਰੇ ਕੋਲ ਤਾਂ ਰਕਮ ਨਹੀਂ ਹੈ । ਇਹ ਵਿਰੋਧੀ ਮੈਨੂੰ ਬਹੁਤ ਜ਼ਲੀਲ ਕਰੇਗਾ । ਕਹਿੰਦੇ ਹਨ ਸਾਰੀ ਰਾਤ ਮੈਂ ਬਹੁਤ ਦੁਆ ਕੀਤੀ ਕਿ ਅਲੱਾਹ ਮੇਰਾ ਕੁਝ ਪ੍ਰਬੰਧ ਕਰ ਦੇ, ਮੈਂ ਤਾਂ ਖ਼ਲੀਫ਼ਾ ਦੇ ਪਿਆਰ ਵਿੱਚ ਜਲਸੇ ਵਿੱਚ ਸ਼ਾਮਲ ਹੋਣ ਗਿਆ ਸੀ । ਕਹਿੰਦੇ ਹਨ ਕਿ ਮੈਨੂੰ ਸੁਪਨੇ ਵਿੱਚ ਦਿਖਾਇਆ ਗਿਆ ਕਿ ਇਕ ਟ੍ਰਕ'ਚੋਂ ਅਨਾਜ ਡਿੱਗਿਆ ਹੋਇਆ ਹੈ ਜਿਸ ਨੂੰ ਮੈਂ ਇਕਤੱਰ ਕਰ ਰਿਹਾ ਹਾਂ । ਕਹਿੰਦੇ ਹਨ ਮੈਂ ਸਵੇਰੇ ਸਵੇਰੇ ਉਸ ਥਾਂ'ਤੇ ਗਿਆ ਓਥੇ ਟ੍ਰਕ ਤਾਂ ਕੋਈ ਨਹੀਂ ਸੀ ਪਰ ਅਨਾਜ ਡਿੱਗਿਆ ਹੋਇਆ ਸੀ, ਜੱਦ ਮੈਂ ਉਸ ਨੂੰ ਇਕੱਠਾ ਕਰਨ ਲਗੱਾ ਤਾਂ ਅਚਾਨਕ ਇਕ ਕਾਲੇ ਰੰਗ ਦਾ ਪਲਾਸਟਿਕ ਦ ਲਿਫ਼ਾਫ਼ਾ ਮਿਲਿਆ, ਉਸ ਨੂੰ ਖੋਲਿਆ ਤਾਂ ਉਸ ਵਿੱਚ ਇਕ ਲੱਖ ਅੱਸੀ ਹਜ਼ਾਰ ਫ਼੍ਰਾਂਕ ਸੇਫ਼ਾ ਸਨ । ਮੈਂ ਓਥੋਂ ਦੇ ਲੋਕਾਂ ਨੂੰ ਪੁੱਛਿਆ ਤਾਂ ਦੱਸਿਆ ਗਿਆ ਕਿ ਇਥੇ ਰਾਤ ਇਕ ਟ੍ਰਕ ਖੜਾ ਸੀ ਜੋ ਹੁਣ ਸੈਨੇਗਾਲ ਵੱਲ ਚਲਾ ਗਿਆ ਹੈ ਮੈਂ ਲੋਕਾਂ ਨੂੰ ਕਿਹਾ ਕਿ ਮੈਨੂੰ ਇਹ ਰਕਮ ਮਿਲੀ ਹੈ ਜੇਕਰ ਕਿਸੇ ਦੀ ਹੋਵੇ ਤਾਂ ਦਸੱਕੇ ਲੈ ਲਏ, ਪਰ ਕੋਈ

ਵਿਅਕਤੀ ਨਹੀਂ ਆਇਆ । ਸੋ, ਜੱਦ ਕਰਜ਼ ਲੈਂਣ ਵਾਲਾ ਵਿਅਕਤੀ ਆਇਆ ਅਤੇ ਬਦਤਮੀਜ਼ੀ ਉਪੱਰ ਉਤਰ ਆਇਆ ਤਾਂ ਮੈਂ ਉਸ ਨੂੰ ਕਿਹਾ ਕਿ ਸਬਰ ਕਰ ਮੈਂ ਤੁਹਾਨੂੰ ਤੁਹਾਡਾ ਕਰਜ਼ ਦੇ ਦਿੰਦਾ ਹਾਂ, ਮੇਰੇ ਰੱਬ ਨੇ ਮੇਰਾ ਪ੍ਰਬੰਧ ਕਰ ਦਿਤੱਾ ਹੈ ਅਤੇ ਮੈਂ ਉਸ ਦੀ ਰਕਮ ਵਾਪਸ ਕਰ ਦਿੱਤੀ । ਹੁਣ ਕਹਿੰਦੇ ਹਨ ਕਿ ਕਈ ਸਾਲ ਹੋ ਗਏ ਹਨ ਉਸ ਰਕਮ ਦੀ ਮਲਕੀਯਤ ਦਾ ਕਿਸੇ ਨੇ ਓਥੇ ਦਾਵਾ ਨਹੀਂ ਕੀਤਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਕੁਝ ਘਟਨਾਵਾਂ ਹਨ ਦੁਆ ਦੀ ਪਰਵਾਨਗੀ ਦੀਆਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਪ੍ਰਾਕ੍ਰਿਤਿਕ ਵਿਧਾਨ ਵਿੱਚ ਦੁਆ ਦੀ ਪਰਵਾਨਗੀ ਦੀਆਂ ਉਧਾਰਣਾ ਮੌਜੂਦ ਹਨ । ਇਸੇ ਵਿਧਾਨ ਹੇਠ ਹਰ ਜੁੱਗ ਵਿੱਚ ਰੱਬ ਜੀਉਂਦੇ ਨਮੂਨੇ ਭੇਜਦਾ ਹੈ ਅਤੇ ਜੇਕਰ ਦੁਆ ਦੀ ਪਰਵਾਨਗੀ ਦੇ ਜੀਉਂਦੇ ਨਮੂਨਿਆਂ ਦਾ ਹਿਸੱਾ ਬਣਨਾ ਹੈ ਤਾਂ ਫਿਰ ਕੁਝ ਅਨੀਵਾਰਤਾਵਾਂ ਤੇ ਕੁਝ ਸ਼ਰਤਾ ਹਨ ਜਿੰਨ੍ਹਾ ਨੂੰ ਪੂਰਾ ਕਰਨਾ ਜ਼ਰੂਰੀ ਹੈ । ਦੁਆ ਦੀ ਪਰਵਾਨਗੀ ਦੀਆਂ ਅਨੀਵਾਰਤਾਂ ਵਿੱਚ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਚੰਗੇ ਕਰਮ ਤੇ ਚੰਗੇ ਅਕੀਦੇ ਪੈਦਾ ਕਰੋ । ਜੋ ਵਿਅਕਤੀ ਆਪਣੀਆਂ ਆਸਥਾਵਾਂ ਨੂੰ ਦੁਰਸਤ ਨਹੀਂ ਕਰਦਾ ਅਤੇ ਚੰਗੇ ਕਰਮਾ ਤੋਂ ਕੰਮ ਨਹੀਂ ਲੈਂਦਾ ਉਹਨਾਂ ਨੂੰ ਠੀਕ ਨਹੀਂ ਕਰਦਾ ਅਤੇ ਦੁਆ ਕਰਦਾ ਹੈ, ਉਹ ਸੰਭਵਤਾ ਰੱਬ ਦੀ ਪ੍ਰੀਖਿਆ ਕਰਦਾ ਹੈ । ਸੋ, ਇਮਾਨ ਨੂੰ ਜਿੱਥੇ ਆਸਥਾ ਦੇ ਪੱਖੋਂ ਮਜ਼ਬੂਤ ਕਰਨ ਦੀ ਲੋੜ ਹੈ ਓਥੇ ਕਰਮ ਰੂਪੀ ਹਾਲਾਤ ਨੂੰ ਵੀ ਰੱਬ ਦੀ ਰਜ਼ਾ ਅਤੇ ਉਸ ਦੇ ਆਦੇਸ਼ਾਂ ਅਨੁਸਾਰ ਢਾਲਣ ਦੀ ਲੋੜ ਹੈ । ਇਹ ਨਹੀਂ ਹੋ ਸਕਦਾ ਕਿ ਅਸੀਂ ਉਂਝ ਤਾਂ ਰੱਬ ਦੇ ਆਦੇਸ਼ਾਂ ਅਨੁਸਾਰ ਪੰਜ ਸਮੇਂ ਦੀਆਂ ਨਮਾਜ਼ਾਂ ਉਪੱਰ ਧਿਆਨ ਨ ਦੇਈਏ, ਮੁਢੱਲੇ ਹੱਕ ਲੋਕਾਂ ਦੇ ਪੂਰੇ ਨ ਕਰੀਏ ਅਤੇ ਜੱਦ ਮੁਸ਼ਕਲ ਵਿੱਚ ਗ੍ਰਿਫ਼ਤਾਰ ਹੋਈਏ ਤਾਂ ਉਸ ਸਮੇਂ ਫਿਰ ਸਾਨੂੰ ਰੱਬ ਵੀ ਚੇਤੇ ਆ ਜਾਏ ਲੋਕਾਂ ਦੇ ਹੱਕ ਦੇਣੇ ਵੀ ਚੇਤੇ ਆ ਜਾਣ । ਪਹਿਲਾਂ ਆਪਣੀਆਂ ਹਾਲਤਾਂ ਨੂੰ ਠੀਕ ਕਰਨਾ ਹੋਵੇਗਾ । ਕੇਵਲ ਆਸਥਾ ਠੀਕ ਹੋਣ ਨਾਲ ਹੀ ਕੰਮ ਪੂਰਾ ਨਹੀਂ ਹੁੰਦਾ ਜੱਦ ਤੱਕ ਚੰਗੇ ਕਰਮ ਨ ਹੋਣ ਅਤੇ ਚੰਗੇ ਕਰਮ ਇਹੋ ਹਨ ਕਿ ਰੱਬ ਦੇ ਹੱਕ ਵੀ ਪੂਰੇ ਕੀਤੇ ਜਾਣ ਅਤੇ ਉਸ ਦੀ ਮਖ਼ਲੂਕ ਦੇ ਹੱਕ ਵੀ ਪੂਰੇ ਕੀਤੇ ਜਾਣ । ਇਹ ਹੋਵੇਗਾ ਤਾਂ ਫ਼ਿਰ ਰੱਬ ਦੁਆਵਾਂ ਨੂੰ ਵੀ ਸੁਣਦਾ ਹੈ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਉਸ ਦੇ ਆਦੇਸ਼ਾਂ ਅਨੁਸਾਰ ਆਪਣੇ ਜੀਵਨ ਢਾਲਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਇਬਾਦਤਾਂ ਅਤੇ ਦੁਆਵਾਂ ਦੇ ਹੱਕ ਪੂਰੇ ਕਰਨ ਦਾ ਸੰਜੋਗ ਪ੍ਰਦਾਨ ਕਰੇ ।

ਨਮਾਜ਼ ਦੇ ਬਾਦ ਮੈਂ ਦੋ ਜਨਾਜ਼ਾਹ ਗ਼ੈਬ ਪੜ੍ਹਵਾਂਗਾ । ਪਹਿਲਾਂ ਜਨਾਜ਼ਾਹ ਮੁਕਰੱਮ ਚੋਧਰੀ ਨੇਮਤੁਲੱਾਹ ਸਾਹਬ ਸਾਹੀ ਦਾ ਹੈ । **15** ਜਨਵਰੀ ਨੂੰ ਕੈਨੇਡਾ ਵਿੱਚ ਇਹਨਾਂ ਦੀ ਵਫ਼ਾਤ ਹੋਈ । (اناللہ وانا الیہ راجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਆਪ ਦੇ ਪਰਿਵਾਰ ਵਿੱਚ ਅਹਮਦੀਅਤ ਹਜ਼ਰਤ ਹੁਸੈਨ ਬੀਬੀ ਸਾਹਿਬਾ ਮਾਤਾ ਹਜ਼ਰਤ ਚੋਧਰੀ ਸਰ ਜ਼ਫ਼ਰੁਲੱਾਹ ਖ਼ਾਨ ਸਾਹਬ ਰਾਹੀਂ ਆਈ ਸੀ, ਉਹਨਾਂ ਨੇ ਕਾਦੀਆਂ ਜਾਕੇ ਬੈਅਤ ਕੀਤੀ ਸੀ । ਚੋਧਰੀ ਸਹਬ ਨੂੰ ਜਮਾਤ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਅਮੀਰ ਜ਼ਿਲਾ ਹੈਦਰਾਬਾਦ ਰਹੇ, ਅੰਸਾਰੁਲੱਾਹ ਦੇ ਜ਼ਿਲਾ ਹੈਦਰਾਬਾਦ ਦੇ ਨਾਜ਼ਿਮ ਰਹੇ, ਕਾਇਦ ਖ਼ੁਦੱਾਮੁਲ ਅਹਮਦੀਆ ਹੈਦਰਾਬਾਦ ਰਹੇ, ਨਾਜ਼ਿਮ ਜਾਇਦਾਦ ਸਦਰ ਅੰਜੁਮਨ ਅਹਮਦੀਆ ਪਾਕਿਸਤਾਨ ਰਹੇ । ਬਚਪਨ ਤੋਂ ਹੀ ਬਕਾਇਦਾ ਨਮਾਜ਼ ਤਹਜੁੱਦ ਦਾ ਆਦੀ ਸਨ ਅਤੇ ਅਖੀਰ ਦਮ ਤੱਕ ਇਸ ਬਾਰੇ ਜਤਨ ਕਰਦੇ ਰਹੇ ਨਮਾਜ਼ ਜਮਾਤ ਨਾਲ ਬਕਾਇਦਗੀ ਨਾਲ ਪੜ੍ਹਦੇ ਸਨ । ਦੁਆ ਉਪੱਰ ਆਪਨੂੰ ਅਸਾਧਾਰਣ ਵਿਸ਼ਵਾਸ ਸੀ । ਖ਼ਿਲਾਫ਼ਤ ਨਾਲ ਅਤਿਅੰਤ ਪ੍ਰੇਮ ਸੀ, ਜਲਸਾ ਸਾਲਾਨਾ ਵਿੱਚ ਭਾਗ ਲੈਂਣ ਨੂੰ ਬਹੁਤ ਮਹਤੱਾ ਦਿੰਦੇ ਸਨ । ਬਹੁਤ ਹੀ ਸਬਰ ਤੇ ਸਹਿਨਸ਼ੀਲ ਸਨ ਅਤੇ ਦੂਜਿਆਂ ਦੇ ਕਸ਼ਟ ਦਾ ਬਹੁਤ

ਧਿਆਨ ਰੱਣ ਵਾਲੇ ਆਪਣੇ ਉਪੱਰ ਕਾਬੂ ਰਖੱਣ ਵਾਲੇ, ਬਹੁਤ ਠਰ੍ਹਮੇ ਸੁਭਾਵ ਦੇ ਮਾਲਕ ਸਨ । ਸਾਧਾਰਣ ਬਿਮਾਰੀ ਜਾਂ ਕਸ਼ਟ ਦੀ ਵੀ ਚਰਚਾ ਨਹੀਂ ਕੀਤੀ । ਮੁਲਾਜ਼ਮਤ ਸਮੇਂ ਉਹਨਾਂ ਦੀ ਬਹੁਤ ਚੰਗੀ ਤਨਖ਼ਵਾਹ ਹੁੰਦੀ ਸੀ ਪਰ ਕਦੇ ਵੀ ਆਪਣੇ ਉਪੱਰ ਵਿਅਰਥ ਖਰਚ ਨਹੀਂ ਕੀਤਾ । ਬਹੁਤ ਨਾਂ ਸੀ ਉਹਨਾਂ ਦਾ ਟੈਕਸਟਾਈਲ ਇੰਡਸਟ੍ਰੀ ਵਿੱਚ । ਸੰਤਾਨ ਨੂੰ ਵੀ ਹਮੇਸ਼ਾ ਸਮੇਂ ਦੇ ਖ਼ਲੀਫ਼ਾ ਸਾਹਬ ਨੂੰ ਪਤੱਰ ਲਿਖੱਣ ਲਈ ਤਲਕੀਨ ਕਰਦੇ ਰਹਿੰਦੇ ਸਨ । ਪਿਛੋਕੜ ਵਿੱਚ ਤਿੰਨ ਪੁਤੱਰੀਆਂ ਤੇ ਦੋ ਪੁਤੱਰ ਹਨ । ਰੱਬ ਦੀ ਅਪਾਰ ਮਿਹਰ ਨਾਲ ਆਪ ਮੂਸੀ ਸਨ । ਅਲੱਾਹ ਤਆਲਾ ਮਰਹੂਮ ਦੇ ਦਰਜਾਤ ਬੁਲੰਦ ਫ਼ਰਮਾਏ ਅਤੇ ਉਹਨਾਂ ਦੀ ਸੰਤਾਨ ਨੂੰ ਵੀ ਉਹਨਾਂ ਦੀਆਂ ਨੇਕੀਆਂ ਨੂੰ ਜਾਰੀ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

ਦੂਜਾ ਨਮਾਜ਼ ਜਨਾਜਾਹ ਜ਼ਫ਼ਰੁਲੱਾਹ ਖਾਂਨ ਬੜ੍ਹ ਸਾਹਬ ਕਰਤਵ ਸ਼ੇਖ਼ੂਪੁਰਾ ਦਾ ਹੈ । ਇਹਨਾਂ ਦੀ 9 ਜਨਵਰੀ ਨੂੰ ਵਫ਼ਾਤ ਹੋਈ । (اناللهوانااليهراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਪੈਦਾਇਸ਼ੀ ਅਹਮਦੀ ਸਨ । ਆਪ ਦੇ ਪਿਤਾ ਚੌਧਰੀ ਅਲੱਾਹ ਦਿਤੱਾ ਸਾਹਬ ਨੇ 1928 ਈ. ਵਿੱਚ ਅਹਮਦੀਅਤ ਕੁਬੂਲ ਕੀਤੀ ਸੀ । ਆਾਪਣੇ ਪਿੰਡ ਕਰਤਵ ਜ਼ਿਲਾ ਸ਼ੇਖ਼ੂਪੁਰਾ ਵਿੱਚ ਸਦਰ ਜਮਾਤ ਦੇ ਰੂਪ ਵਿੱਚ ਸੇਵਾ ਦਾ ਮੌਕਾ ਮਿਲਿਆ । ਨਮਾਜ਼ ਤਹਜੁੱਦ ਬਹੁਤ ਬਕਾਇਦਕਗੀ ਨਾ ਪੜ੍ਹਨ ਵਾਲੇ, ਪੰਜੇ ਵੇਲੇ ਦੀਆਂ ਨਮਾਜ਼ਾਂ ਪੜ੍ਹਨ ਵਾਲੇ, ਖ਼ੁਤਬਾ ਬਕਾਇਦਗੀ ਨਾਲ ਸੁਣਨ ਵਾਲੇ ਸਨ । ਚੰਦਿਆਂ ਵਿੱਚ ਬਹੁਤ ਬਕਾਇਦਗੀ, ਸੁਭਾਅ ਵਿੱਚ ਸਾਦਗੀ ਸੀ । ਪਿਛੋਕੜ ਵਿੱਚ ਤਿੰਨ ਬੇਟੀਆਂ ਅਤੇ ਤਿੰਨ ਬੇਟੇ ਹਨ । ਅਲੱਾਹ ਤਆਲਾ ਇਹਨਾਂ ਨੂੰ ਇਹਨਾਂ ਦੀਆਂ ਦੀਆਂ ਨੇਕੀਆਂ ਇਹਨਾਂ ਦੀਆਂ ਸੰਤਾਨ ਵਿੱਚ ਵੀ ਜਾਰੀ ਰੱਖੇ ਅਤੇ ਜਿਸ ਜਜ਼ਬੇ ਤੇ ਭਾਵਨਾ ਨਾਲ ਉਹਨਾਂ ਨੇ ਆਪਣੇ ਬੇਟੇ ਨੂੰ ਵਕਫ਼ ਕੀਤਾ ਸੀ ਅਲੱਾਹ ਤਆਲਾ ਉਹਨਾਂ ਦੇ ਪੁਤੱਰ ਨੂੰ ਵੀ ਵਾਸਤਵ ਵਿੱਚ ਵਕਫ਼ ਦੀ ਰੂਹ ਨਾਲ ਆਪਣੇ ਵਕਫ਼ ਨੂੰ ਨਿਭਾਉਣ ਦੀ ਤੌਫ਼ੀਕ ਪ੍ਰਦਾਨ ਕਰੇ । ਅਲੱਾਹ ਮਰਹੂਮ ਦੇ ਦਰਜਾਤ ਬੁਲੰਦ ਕਰੇ ਅਤੇ ਖਿਮਾ ਕਰਦਿਆਂ ਹੋਇਆਂ ਰਹਿਮ ਦਾ ਸੁਲੂਕ ਕਰੇ । ਆਾਮੀਨ ।

**Khulasa Khutba Jumma 26.01.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131